


# ਦਾਦੀ ਦੇ ਨਾਲ ਛੁੱਟੀਆਂ


Violet Otieno
Catherine Groenewald
Anu Gill

Punjabi
Level 4


storybookscanada.ca



ਉਡੋਨਗੋ ਅਤੇ ਅਪੀਓ ਆਪਣੇ ਪਿਤਾ ਦੇ ਨਾਲ ਸ਼ਹਿਰ ਵਿੱਚ ਰਹਿੰਦੇ ਸਨ। ਉਹ ਛੁੱਟੀਆਂ ਲਈ ਉਤਾਵਲੇ ਸਨ। ਨਾ ਸਿਰਫ਼ ਕਿਉਕਿ ਸਕੂਲ ਬੰਦ ਹੋਵੇਗਾ ਪਰ ਕਿਉਕਿ ਉਹ ਆਪਣੀ ਦਾਦੀ ਨੂੰ ਵੀ ਮਿਲਣ ਜਾਣਗੇ। ਉਹ ਵੱਡੀ ਝੀਲ ਦੇ ਨੇੜੇ ਇੱਕ ਮੱਛੀਆਂ ਫੜਨ ਵਾਲੇ ਪਿੰਡ ਵਿੱਚ ਰਹਿੰਦੀ ਸੀ।




ਉਡੋਨਗੋ ਅਤੇ ਅਪੀਓ ਖ਼ੁਸ਼ ਸਨ ਕਿਉਂਕਿ ਦਾਦੀ ਨੂੰ ਦੋਬਾਰਾ ਮਿਲਨ ਦਾ ਸਮਾਂ ਆ ਗਿਆ ਸੀ। ਇੱਕ ਰਾਤ ਪਹਿਲਾਂ, ਉਹਨਾਂ ਨੇ ਆਪਣੇ ਬੈਗ ਪੈਕ ਕੀਤੇ ਅਤੇ ਪਿੰਡ ਵੱਲ ਦੇ ਲੰਬੇ ਸਫ਼ਰ ਲਈ ਤਿਆਰ ਹੋ ਗਏ। ਉਹਨਾਂ ਨੂੰ ਨੀਂਦ ਨਹੀਂ ਸੀ ਆਉਂਦੀ ਅਤੇ ਸਾਰੀ ਰਾਤ ਛੁੱਟੀਆਂ ਬਾਰੇ ਗੱਲ ਕਰਦੇ ਰਹੇ।



ਅਗਲੀ ਸਵੇਰ, ਉਹ ਆਪਣੇ ਪਿਤਾ ਜੀ ਦੀ ਕਾਰ ਵਿੱਚ ਪਿੰਡ ਵੱਲ ਰਵਾਨਾ ਹੋ ਗਏ। ਉਹ ਪਹਾੜਾਂ, ਜੰਗਲੀ ਜਾਨਵਰਾਂ ਅਤੇ ਚਾਹ ਦੀਆਂ ਫੈਕਟਰੀਆਂ ਦੇ ਲਾਗੇ ਡਰਾਈਵ ਕਰਕੇ ਗਏ। ਉਹਨਾਂ ਨੇ ਕਾਰਾਂ ਗਿਣੀਆਂ ਅਤੇ ਗੀਤ ਗਾਏ।



ਥੋੜੀ ਦੇਰ ਬਾਅਦ, ਬੱਚੇ ਥੱਕ ਕੇ ਸੌਂ ਗਏ।



ਪਿਤਾ ਜੀ ਨੇ ਉਡੋਨਗੋ ਅਤੇ ਅਪੀਓ ਨੂੰ ਜਗਾਇਆ ਜਦ ਉਹ ਪਿੰਡ ਵਿੱਚ ਪਹੁੰਚ ਗਏ। ਉਹਨਾਂ ਨੂੰ ਆਪਣੀ ਦਾਦੀ, ਨਯਾਰ-ਕੰਨਯਾਦਾ, ਇੱਕ ਰੁੱਖ ਹੇਠ ਮੈਟ ਤੇ ਆਰਾਮ ਕਰਦੀ ਮਿਲੀ। ਨਯਾਰ-ਕੰਨਯਾਦਾ ਦਾ ਲੂਓ ਵਿੱਚ ਮਤਲਬ ਹੈ "ਕੰਨਯਾਦਾ ਦੇ ਲੋਕਾਂ ਦੀ ਧੀ"। ਉਹ ਇੱਕ ਤਾਕਤਵਰ ਅਤੇ ਸੁੰਦਰ ਔਰਤ ਸੀ।




ਨਯਾਰ-ਕੰਨਯਾਦਾ ਨੇ ਉਹਨਾਂ ਦਾ ਘਰ ਵਿੱਚ ਸਵਾਗਤ ਕੀਤਾ ਅਤੇ ਖੁਸ਼ੀ ਨਾਲ ਗਾਉਂਦੀ ਕਮਰੇ ਦੇ ਆਲੇ-ਦੁਆਲੇ ਨੱਚੀ। ਉਸ ਦੇ ਪੋਤਾ-ਪੋਤੀ ਉਸ ਨੂੰ ਸ਼ਹਿਰ ਤੋਂ ਲਿਆਂਦੇ ਤੋਹਫ਼ੇ ਦੇਣ ਲਈ ਉਤਸੁਕ ਸਨ। “ਪਹਿਲਾਂ ਮੇਰਾ ਤੋਹਫ਼ਾ ਖੋਲ੍ਹੋ,” ਉਡੋਨਗੋ ਨੇ ਕਿਹਾ। “ਨਹੀਂ, ਪਹਿਲਾਂ ਮੇਰਾ!” ਅਪੀਓ ਨੇ ਕਿਹਾ।



ਤੋਹਫ਼ੇ ਖੋਲ੍ਹਣ ਤੋਂ ਬਾਅਦ, ਨਯਾਰ-ਕੰਨਯਾਦਾ ਨੇ ਰਵਾਇਤੀ ਤਰੀਕੇ ਵਿੱਚ ਆਪਣੇ ਪੋਤੇ ਅਤੇ ਪੋਤੀ ਨੂੰ ਅਸੀਸ ਦਿੱਤੀ।




ਫਿਰ ਉਡੋਨਗੋ ਅਤੇ ਅਪੀਓ ਬਾਹਰ ਚਲੇ ਗਏ। ਉਹਨਾਂ ਨੇ ਤਿਤਲੀਆਂ ਅਤੇ ਪੰਛੀਆਂ ਦਾ ਪਿੱਛਾ ਕੀਤਾ।



ਉਹ ਰੁੱਖਾਂ ਤੇ ਚੜ੍ਹੇ ਅਤੇ ਝੀਲ ਦਾ ਪਾਣੀ ਛਿੜਕਿਆ।



ਜਦ ਹਨੇਰਾ ਹੋ ਗਿਆ, ਉਹ ਰਾਤ ਦੇ ਖਾਣੇ ਲਈ ਘਰ ਨੂੰ ਵਾਪਸ ਆ ਗਏ। ਖਾਣਾਂ ਖਤਮ ਕਰਨ ਤੋਂ ਪਹਿਲਾਂ ਹੀ ਉਹਨਾਂ ਨੂੰ ਨੀਂਦ ਆਉਣ ਲੱਗ ਪਈ!



ਅਗਲੇ ਦਿਨ, ਬੱਚਿਆਂ ਦੇ ਪਿਤਾ ਸ਼ਹਿਰ ਵੱਲ ਵਾਪਸ ਗਏ ਅਤੇ ਉਹਨਾਂ ਨੂੰ ਨਯਾਰ-ਕੰਨਯਾਦਾ ਨਾਲ ਛੱਡ ਗਏ।



ਉਡੋਨਗੋ ਅਤੇ ਅਪੀਓ ਘਰ ਦੇ ਕੰਮਾਂ ਵਿੱਚ ਆਪਣੀ ਦਾਦੀ ਦੀ ਮਦਦ ਕਰਦੇ। ਉਹ ਪਾਣੀ ਅਤੇ ਬਾਲਣ ਲਿਆਉਂਦੇ। ਉਹ ਮੁਰਗੀਆਂ ਦੇ ਅੰਡੇ ਇਕੱਠੇ ਕਰਦੇ ਅਤੇ ਬਾਗ ਵਿੱਚੋਂ ਸਬਜ਼ੀਆਂ ਚੁੱਕਦੇ।



ਨਯਾਰ-ਕੰਨਯਾਦਾ ਨੇ ਪੋਤੇ ਅਤੇ ਪੋਤੀ ਨੂੰ ਦਾਲ ਦੇ ਨਾਲ ਖਾਣ ਲਈ ਨਰਮ ਉਗਾਲੀ ਬਣਾਉਣੀ ਸਿਖਾਈ। ਉਸ ਨੇ ਭੁੰਨੀ ਮੱਛੀ ਦੇ ਨਾਲ ਖਾਣ ਲਈ ਨਾਰੀਅਲ ਚਾਵਲ ਬਣਾਉਣ ਦਾ ਤਰੀਕਾ ਦਿਖਾਇਆ।



ਇੱਕ ਸਵੇਰੇ, ਉਡੋਨਗੋ ਆਪਣੀ ਦਾਦੀ ਦੀਆਂ ਗਾਈਆਂ ਨੂੰ ਘਾਹ ਚਾਰਨ ਲਈ ਲੈ ਕੇ ਗਿਆ। ਉਹ ਇੱਕ ਗੁਆਂਢੀ ਦੇ ਫਾਰਮ ਵਿੱਚ ਭੱਜ ਗਈਆਂ। ਕਿਸਾਨ ਉਡੋਨਗੋ ਨਾਲ ਗੁੱਸੇ ਸੀ। ਉਸ ਨੇ ਗਾਵਾਂ ਨੂੰ ਰੱਖਣ ਦੀ ਧਮਕੀ ਦਿੱਤੀ ਕਿਉਂਕਿ ਉਹਨਾਂ ਨੇ ਉਸ ਦੀ ਫਸਲ ਖਾਦੀ ਸੀ। ਉਸ ਦਿਨ ਦੇ ਬਾਅਦ, ਮੁੰਡੇ ਨੇ ਧਿਆਨ ਦਿੱਤਾ ਕਿ ਗਾਵਾਂ ਮੁੜ ਮੁਸੀਬਤ ਵਿੱਚ ਨਾ ਫਸ ਜਾਣ।



ਇੱਕ ਹੋਰ ਦਿਨ, ਬੱਚੇ ਨਯਾਰ-ਕੰਨਯਾਦਾ ਨਾਲ ਬਾਜ਼ਾਰ ਨੂੰ ਚਲੇ ਗਏ। ਉਸ ਕੋਲ ਸਬਜ਼ੀ, ਖੰਡ ਅਤੇ ਸਾਬਣ ਵੇਚਣ ਦਾ ਸਟਾਲ ਸੀ। ਅਪੀਓ ਗਾਹਕਾਂ ਨੂੰ ਚੀਜ਼ਾਂ ਦੀ ਕੀਮਤ ਦੱਸਣਾ ਪਸੰਦ ਕਰਦੀ ਸੀ। ਉਡੋਨਗੋ ਗਾਹਕਾਂ ਦੇ ਖਰੀਦੇ ਸਮਾਨ ਨੂੰ ਪੈਕ ਕਰਦਾ ਸੀ।



ਦਿਨ ਦੇ ਅੰਤ ਤੇ ਉਹਨਾਂ ਨੇ ਇਕੱਠਿਆਂ ਚਾਹ ਪੀਤੀ। ਉਹਨਾਂ ਨੇ ਕਮਾਈ ਦੇ ਪੈਸੇ ਗਿਣਨ ਵਿੱਚ ਦਾਦੀ ਦੀ ਮਦਦ ਕੀਤੀ।



ਪਰ ਬਹੁਤ ਜਲਦੀ ਛੁੱਟੀਆਂ ਖ਼ਤਮ ਹੋ ਗਈਆਂ ਅਤੇ ਬੱਚਿਆਂ ਨੂੰ ਵਾਪਸ ਸ਼ਹਿਰ ਨੂੰ ਜਾਣਾਂ ਪੈਣਾਂ ਸੀ। ਨਯਾਰ-ਕੰਨਯਾਦਾ ਨੇ ਉਡੋਨਗੋ ਨੂੰ ਕੈਪ ਦਿੱਤਾ ਅਤੇ ਅਪੀਓ ਨੂੰ ਸਵੈਟਰ ਦਿੱਤਾ। ਉਸ ਨੇ ਉਹਨਾਂ ਦੇ ਸਫ਼ਰ ਲਈ ਭੋਜਨ ਪੈਕ ਕੀਤਾ।



ਜਦ ਉਹਨਾਂ ਦੇ ਪਿਤਾ ਜੀ ਉਹਨਾਂ ਨੂੰ ਲੈਣ ਲਈ ਆਏ, ਉਹ ਜਾਣਾ ਨਹੀਂ ਸੀ ਚਾਹੁੰਦੇ । ਬੱਚਿਆਂ ਨੇ ਨਯਾਰ-ਕੰਨਯਾਦਾ ਨੂੰ ਸ਼ਹਿਰ ਚਲਣ ਲਈ ਬੇਨਤੀ ਕੀਤੀ। ਉਸ ਨੇ ਮੁਸਕਰਾ ਕੇ ਕਿਹਾ, “ਮੈਂ ਸ਼ਹਿਰ ਲਈ ਬਹੁਤ ਬੁੱਢੀ ਹਾਂ। ਮੈਂ ਦੁਬਾਰਾ ਤੁਹਾਡੇ ਆਉਣ ਦੀ ਉਡੀਕ ਕਰਾਂਗੀ।”



ਦੋਨੋ ਉਡੋਨਗੋ ਅਤੇ ਅਪੀਓ ਨੇ ਉਸ ਨੂੰ ਘੁਟ ਕੇ ਜੱਫੀ ਪਾਈ ਅਤੇ ਅਲਵਿਦਾ ਕਿਹਾ।



ਜਦ ਉਡੋਨਗੋ ਅਤੇ ਅਪੀਓ ਵਾਪਸ ਸਕੂਲ ਗਏ ਉਨ੍ਹਾਂ ਨੇ ਆਪਣੇ ਦੋਸਤਾਂ ਨੂੰ ਪਿੰਡ ਦੀ ਜ਼ਿੰਦਗੀ ਬਾਰੇ ਦੱਸਿਆ। ਕੁਝ ਬੱਚਿਆਂ ਨੇ ਮਹਿਸੂਸ ਕੀਤਾ ਕਿ ਸ਼ਹਿਰ ਵਿੱਚ ਜੀਵਨ ਚੰਗਾ ਹੈ। ਹੋਰਾਂ ਨੂੰ ਮਹਿਸੂਸ ਹੋਇਆ ਕਿ ਪਿੰਡ ਬਿਹਤਰ ਹੈ। ਪਰ ਸਭ ਸਹਿਮਤ ਸਨ ਕਿ ਉਡੋਨਗੋ ਅਤੇ ਅਪੀਓ ਦੀ ਦਾਦੀ ਬਹੁਤ ਵਧੀਆ ਹੈ!

# Storybooks Canada

storybookscanada.ca

## ਦਾਦੀ ਦੇ ਨਾਲ ਛੁੱਟੀਆਂ

Written by: Violet Otieno
Illustrated by: Catherine Groenewald
Translated by: Anu Gill

This story originates from the African Storybook (africanstorybook.org) and is brought to you by Storybooks Canada in an effort to provide children's stories in Canada's many languages.

This work is licensed under a Creative Commons Attribution 4.0 International License.